Bcm School Basant Avenue Dugri Ludhiana

Class Vlll Punjabi Assignment (answer key)

1.ਬੇਗਾਨੀ ਚੀਜ਼ ਮਨ ਦਾ ਚੈਨ ਗਵਾ ਦਿੰਦੀ ਹੈ।ਵਾਕ ਵਿੱਚੋਂ **ਮਨ ਦਾ ਚੈਨ** ਸ਼ਬਦ ਦਾ ਅਰਥ ਲਿਖੋ?

ਉੱਤਰ - ਮਨ ਦੀ ਸ਼ਾਂਤੀ

2. ਖੁਦਗਰਜੀ ਦਾ ਅਰਥ ਹੁੰਦਾ ਹੈ----------।

ਉੱਤਰ- ਸੁਆਰਥ ਜਾਂ ਮਤਲਬ

3. ਬਾਬੇ ਨਾਨਕ ਦੀ ਬਾਣੀ ਵਿੱਚ ਕੀ ਕੁਝ ਹੈ?

ਉੱਤਰ -ਬਾਬੇ ਨਾਨਕ ਦੀ ਬਾਣੀ ਵਿੱਚ ਜ਼ਿੰਦਗੀ ਜਿਉਣ ਦੇ ਸਾਰੇ ਢੰਗ ਦੱਸੇ ਗਏ ਹਨ।

4. ਰਾਹੁਲ ਦੇ ਨਾਲ ਸਰਕਸ ਦੇਖਣ ਕੌਣ- ਕੌਣ ਗਿਆ?

ਉੱਤਰ-ਰਾਹੁਲ ਅਤੇ ਗੌਰਵ ਆਪਣੇ- ਆਪਣੇ ਮੰਮੀ ਪਾਪਾ ਨਾਲ ਸਰਕਸ ਦੇਖਣ ਗਏ।

5. ਪਰਸ ਵਿੱਚੋਂ ਆਦਮੀ ਦਾ ਕੀ -ਕੀ ਸਮਾਨ ਮਿਲਿਆ?

ਉੱਤਰ ਪਰਸ ਵਿੱਚੋਂ ਪੈਸੇ, ਸ਼ਨਾਖਤੀ ਕਾਰਡ ,ਉਸ ਆਦਮੀ ਦੀ ਫੋਟੋ ਜਿਸ ਦਾ ਪਰਸ ਸੀ।

6. ਵਿਰੋਧੀ ਸ਼ਬਦ ਲਿਖੋ- ਹਸਾਉਣਾ-ਰੁਆਉਣਾ

ਸਮਾਪਤ -ਸ਼ੁਰੂ

7. ਸ਼ਿਵ ਭੋਲੇ ਨੇ ਉਸ ਆਦਮੀ ਨੂੰ ਕੀ ਦਿੱਤਾ?

A. ਇਕ ਮਣਕਾ B. ਇਕ ਨਾਦ C. ਇੱਕ ਸ਼ੰਖ D. ਇੱਕ ਚਾਬੀ

ਉੱਤਰ - C. ਇੱਕ ਸ਼ੰਖ

8.ਅਣਡਿੱਠਾ ਪੈਰ੍ਹਾ-

ਹੇਠਾਂ ਦਿੱਤੇ ਪੈਰੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਤੇ ਉੱਤਰ ਲਿਖੋ –

ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦੀ ਬੜੀ ਮਹੱਤਤਾ ਹੈ। ਅਨੁਸ਼ਾਸਨ ਦਾ ਪਾਠ ਜੋ ਸਕੂਲ ਵਿੱਚ ਪੜ੍ਹਾਇਆ ਜਾਂਦਾ ਹੈ। ਉਹ ਜ਼ਿੰਦਗੀ ਵਿੱਚ ਹੋਰ ਕਿਤੇ ਵੀ ਨਹੀਂ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਅਨੁਸ਼ਾਸਨ ਦੇ ਮਹੱਤਵ ਨੂੰ ਸਮਝਦੇ ਹੋਵੇ ਇਸ ਨੂੰ ਪੂਰੀ ਤਰ੍ਹਾਂ ਧਾਰਨ ਕਰਨ ਦੀ ਕੋਸ਼ਿਸ਼ ਕਰਨ । ਸਮੇਂ ਸਿਰ ਸਕੂਲ ਪੁੱਜਣ। ਪ੍ਰਾਰਥਨਾ-ਸਭਾ ਵਿੱਚ ਜਾ ਕੇ ਪ੍ਰਾਰਥਨਾ ਕਰਨ। ਸ਼ਰਾਰਤਾਂ ਬਿਲਕੁਲ ਨਾ ਕਰਨ ਲਾਈਨ ਵਿੱਚ ਜਾਣ ਤੇ ਲਾਈਨ ਵਿੱਚ

ਹੀ ਜਮਾਤ ਵਿੱਚ ਆਉਣ। ਜਮਾਤ ਵਿੱਚ ਮਨੀਟਰ ਦਾ ਹਰੇਕ ਕਹਿਣਾ ਮੰਨਣ। ਅਧਿਆਪਕਾਂ ਦੇ ਪੜ੍ਹਾਉਣ ਵੇਲੇ ਮਨ ਲਾ ਕੇ ਪੜ੍ਹਾਈ ਕਰਨ । ਅੱਧੀ ਛੁੱਟੀ ਵੇਲੇ ਬਿਨਾਂ ਕਿਸੇ ਹੁੱਲੜਬਾਜ਼ੀ ਦੇ ਖੇਡਣ। ਇਹਨਾਂ ਤੋਂ ਇਲਾਵਾ ਸਕੂਲ ਦੀ ਕਿਸੇ ਵੀ ਚੀਜ਼ ਨੂੰ ਨੁਕਸਾਨ ਨਾ ਪਹੁੰਚਾਉਣ। ਖੇਡਦੇ ਸਮੇਂ ਆਪਣੇ ਕਪਤਾਨ ਦੇ ਹੁਕਮ-ਅਨੁਸਾਰ ਚੱਲਣ। ਕਦੀ ਕਿਸੇ ਨਾਲ ਲੜਾਈ ਨਾ ਕਰਨ।

(ੳ)ਵਿਦਿਆਰਥੀ ਜੀਵਨ ਵਿੱਚ ਕਿਸ ਚੀਜ਼ ਦੀ ਮਹੱਤਤਾ ਹੈ ?

ਉੱਤਰ – ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦਾ ਬਹੁਤ ਮਹੱਤਵ ਹੈ।

(ਅ) ਪ੍ਰਾਰਥਨਾ-ਸਭਾ ਵਿੱਚ ਪ੍ਰਾਰਥਨਾ ਕਿਵੇਂ ਕਰਨੀ ਚਾਹੀਦੀ ਹੈ ?

ਉੱਤਰ - ਪ੍ਰਾਰਥਨਾ ਸਭਾ ਸਕੂਲ ਸਮੇਂ ਸਿਰ ਪੁੱਜ ਕੇ ਅਤੇ ਲਾਈਨਾਂ ਵਿੱਚ ਜਾ ਕੇ ਕਰਨੀ ਚਾਹੀਦੀ ਹੈ।

(ੲ) ਜਮਾਤ ਵਿੱਚ ਅਧਿਆਪਕ ਤੋਂ ਬਿਨਾਂ ਹੋਰ ਕਿਸ ਦਾ ਕਹਿਣਾ ਮੰਨਣਾ ਚਾਹੀਦਾ ਹੈ?

ਉੱਤਰ – ਆਪਣੀ ਜਮਾਤ ਦੇ ਮਨੀਟਰ ਦਾ।

(ਸ) ਖੇਡਦੇ ਸਮੇਂ ਕਿਸ ਦੇ ਹੁਕਮ ਅਨੁਸਾਰ ਚੱਲਣਾ ਚਾਹੀਦਾ ਹੈ ?

ਉੱਤਰ- ਖੇਡਦੇ ਸਮੇਂ ਆਪਣੇ ਕਪਤਾਨ ਦੇ ਹੁਕਮਾਂ ਅਨੁਸਾਰ ਚੱਲਣਾ ਚਾਹੀਦਾ ਹੈ।